'ਦੀ ਬ੍ਰਿਟਿਸ਼ ਲਾਇਬ੍ਰੇਰੀ' ਆਸਟ੍ਰੇਲੀਆ ਦੇ ਸਟੱਡੀ ਵੀਜ਼ਿਆਂ ਸਬੰਧੀ ਦੇ ਰਹੀ ਸ਼ਾਨਦਾਰ ਨਤੀਜੇ

❐ ਇਕ ਹੋਰ ਵਿਦਿਆਰਥਣ ਦਾ ਆਸਟ੍ਰੇਲੀਆ ਜਾਣ ਦਾ ਸੁਪਨਾ ਕੀਤਾ ਪੂਰਾ

ਗੁਰਦਾਸਪੁਰ, 3 ਜਨਵਰੀ (ਆਰਿਫ਼)-ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਭਰੋਸੇਮੰਦ ਸੰਸਥਾ 'ਦੀ

ਸ਼ਰਨਜੀਤ ਕੌਰ ਆਸਟ੍ਰੇਲੀਆ ਦਾ ਲੱਗਾ ਵੀਜ਼ਾ ਦਿਖਾਉਂਦੀ ਹੋਈ। *ਤਸਵੀਰ : ਵਿਸ਼ਾਲ ਮੁੰਨਾ*

ਬ੍ਰਿਟਿਸ਼ ਲਾਇਬ੍ਰੇਰੀ' ਵਲੋਂ ਆਪਣੀ ਚੜ੍ਹਤ ਕਾਇਮ ਰੱਖਦੇ ਹੋਏ ਆਸਟ੍ਰੇਲੀਆ ਦੇ ਸਟੱਡੀ ਵੀਜ਼ਿਆਂ ਸਬੰਧੀ ਸ਼ਾਨਦਾਰ ਨਤੀਜੇ ਦਿੱਤੇ ਜਾ ਰਹੇ ਹਨ। ਇਸ ਸਬੰਧੀ 'ਦੀ ਬ੍ਰਿਟਿਸ਼ ਲਾਇਬ੍ਰੇਰੀ' ਦੇ ਐਮ.ਡੀ ਦੀਪਕ ਅਬਰੋਲ ਨੇ ਦੱਸਿਆ ਕਿ ਵਿਦਿਆਰਥਣ ਸ਼ਰਨਜੀਤ ਕੌਰ ਵਾਸੀ ਪਠਾਨਕੋਟ ਨੇ ਸਾਲ 2017 ਵਿਚ ਬੀ.ਐਸ.ਸੀ ਕੀਤੀ ਸੀ ਅਤੇ ਪੀ.ਟੀ.ਈ 'ਚੋਂ ਉਸ ਦੇ 7 ਬੈਂਡ ਸਨ। ਪੜ੍ਹਾਈ ਵਿਚ 4 ਸਾਲ ਦਾ ਗੈਪ ਹੋਣ ਕਾਰਨ ਉਸ ਦੇ ਕਾਗ਼ਜ਼ਾਂ ਨੂੰ 'ਦੀ ਬ੍ਰਿਟਿਸ਼ ਲਾਇਬ੍ਰੇਰੀ' ਦੀ ਤਜਰਬੇਕਾਰ ਟੀਮ ਵਲੋਂ ਸਟੱਡੀ ਕਰਨ ਉਪਰੰਤ ਉਸ ਦੇ ਗੈਪ ਦੇ ਕਾਰਨਾਂ ਨੂੰ ਵਧੀਆ ਢੰਗ ਨਾਲ ਪੇਸ਼ ਕਰਦੇ ਹੋਏ ਫਾਈਲ ਲਗਾਈ ਅਤੇ ਉਸ ਦਾ ਵੀਜ਼ਾ ਮਿਲ ਗਿਆ। ਦੀਪਕ ਅਬਰੋਲ ਨੇ ਕਿਹਾ ਕਿ ਵਿਦਿਆਰਥੀ ਆਸਟ੍ਰੇਲੀਆ ਦੇ ਫਰਵਰੀ ਤੇ ਜੁਲਾਈ ਇਨਟੇਕ ਨੂੰ ਧਿਆਨ 'ਚ ਰੱਖਦੇ ਹੋਏ ਅੱਜ ਹੀ ਅਪਲਾਈ ਕਰਨ। ਉਨ੍ਹਾਂ ਦੱਸਿਆ ਕਿ ਭਾਰਤ ਤੋਂ ਆਸਟ੍ਰੇਲੀਆ ਲਈ ਉਡਾਣਾਂ ਸ਼ੁਰੂ ਹੋ ਚੁੱਕੀਆਂ ਹਨ, ਇਸ ਲਈ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ। ਵਿਦਿਆਰਥੀ ਅੱਜ ਹੀ 'ਦੀ ਬ੍ਰਿਟਿਸ਼ ਲਾਇਬ੍ਰੇਰੀ' ਦੇ ਹਨੂੰਮਾਨ ਚੌਂਕ ਸਥਿਤ ਦਫ਼ਤਰ ਵਿਖੇ ਆ ਕੇ ਮਿਲ ਸਕਦੇ ਹਨ।

ਪਿੰਡ ਬੱਬੇਹਾਲੀ ਵਿਖੇ ਬਣ ਰਹੇ ਪੁਲ ਦਾ ਨਿਰੀਖਣ ਕਰਦੇ ਹੋਏ ਐਕਸੀਅਨ ਯੂ.ਬੀ.ਡੀ.ਸੀ. ਵਿਨੇ ਕੁਮਾਰ ਸ਼ਰਮਾ ਅਤੇ ਐਕਸੀਅਨ ਪੀ.ਡਬਲਯੂ.ਡੀ. ਜਤਿੰਦਰ ਮੋਹਨ। *ਤਸਵੀਰ : ਵਿਸ਼ਾਲ ਮੁੰਨਾ*

ਐਕਸੀਅਨ ਯੂ.ਬੀ.ਡੀ.ਸੀ. ਅਤੇ ਐਕਸੀਅਨ ਪੀ.ਡਬਲਯੂ.ਡੀ. ਵਲੋਂ ਬੱਬੇਹਾਲੀ ਵਿਖੇ ਬਣ ਰਹੇ ਪੁਲ ਦਾ ਨਿਰੀਖਣ

ਗੁਰਦਾਸਪੁਰ, 3 ਜਨਵਰੀ (ਗੁਰਪ੍ਰਤਾਪ ਸਿੰਘ)-ਪਿੰਡ ਬੱਬੇਹਾਲੀ ਦੀ ਨਹਿਰ ਤੋਂ ਪਾਰ ਵਸਦੇ ਵੱਡੀ ਗਿਣਤੀ 'ਚ ਲੋਕਾਂ ਵਲੋਂ ਨਹਿਰ 'ਤੇ ਪੁਲ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ। ਇਸ ਮੰਗ ਨੂੰ ਮੁੱਖ ਰੱਖ ਕੇ ਨਹਿਰ ਉੱਪਰ ਪੁਲ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਸ ਲਈ ਸਬੰਧਿਤ ਵਿਭਾਗ ਵਲੋਂ ਨਹਿਰ ਦੇ ਅੱਧ ਹਿੱਸੇ ਤੱਕ ਪਾਣੀ ਨੂੰ ਰੋਕ ਕੇ ਪਿੱਲਰ ਬਣਾਏ ਜਾ ਰਹੇ ਹਨ। ਪਰ ਬੀਤੇ ਕੱਲ੍ਹ ਮਿੱਟੀ ਦੀ ਬਣਾਈ ਰੋਕ ਨੂੰ ਤੋੜਦਾ ਹੋਇਆ ਇਹ ਪਾਣੀ ਨਹਿਰ ਵਿਚ ਬਣ ਰਹੇ ਪਿਲਰਾਂ ਤੱਕ ਪਹੁੰਚ ਗਿਆ। ਜਿਸ ਕਾਰਨ ਕੰਮ ਨੂੰ ਰੋਕਣਾ ਪਿਆ। ਪਰ ਅੱਜ ਸਵੇਰ ਹੁੰਦੇ ਸਾਰ ਹੀ ਐਕਸੀਅਨ ਯੂ.ਬੀ.ਡੀ.ਸੀ. ਵਿਨੇ ਕੁਮਾਰ ਸ਼ਰਮਾ, ਐਕਸੀਅਨ ਪੀ.ਡਬਲਯੂ.ਡੀ ਜਤਿੰਦਰ ਮੋਹਨ, ਐਸ.ਡੀ.ਓ. ਸੰਜੀਵ ਸ਼ਰਮਾ, ਜੇ.ਈ. ਲਖਬੀਰ ਸਿੰਘ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਵਲੋਂ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਕੰਮ ਨੂੰ ਜਲਦੀ ਅਤੇ ਸਹੀ ਤਰੀਕੇ ਨਾਲ ਕਰਨ ਲਈ ਸਭ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਲਰਾਂ ਵਾਲੀ ਜਗ੍ਹਾ 'ਤੇ ਆਏ ਬਹੁਤੇ ਪਾਣੀ ਨੂੰ ਮੋਟਰਾਂ ਲਗਾ ਕੇ ਕੱਢ ਦਿੱਤਾ ਗਿਆ ਹੈ ਅਤੇ ਅਸਥਾਈ ਬੰਨ੍ਹ ਦੀ ਮਜ਼ਬੂਤੀ ਲਈ ਹੋਰ ਮਿੱਟੀ ਪਵਾਈ ਜਾ ਰਹੀ ਹੈ ਤਾਂ ਜੋ ਇਹ ਦਿੱਕਤ ਦੁਬਾਰਾ ਨਾ ਆਵੇ ਅਤੇ ਪੁਲ ਦਾ ਕੰਮ ਲਗਾਤਾਰ ਚੱਲਦਾ ਰਹੇ।

ਕੈਬਨਿਟ ਮੰਤਰੀ ਬਾਜਵਾ ਨੇ ਕਈ ਸੜਕਾਂ ਤੇ 2 ਪੁਲਾਂ ਦਾ ਰੱਖਿਆ ਨੀਂਹ ਪੱਥਰ

ਨੀਂਹ ਪੱਥਰ ਰੱਖਦੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਚੇਅਰਮੈਨ ਲਾਟੀ, ਚੇਅਰਮੈਨ ਪਿੰਕਾ ਤੇ ਹੋਰ। *ਤਸਵੀਰ : ਸੁੱਚਾ ਸਿੰਘ*

ਅਲੀਵਾਲ, 3 ਜਨਵਰੀ (ਸੁੱਚਾ ਸਿੰਘ ਬੁੱਲੋਵਾਲ)-ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਹਲਕਾ ਫ਼ਤਹਿਗੜ੍ਹ ਚੂੜੀਆਂ 'ਚ ਜਾਂਗਲਾ ਪੁਲ ਤੋਂ ਤਲਵੰਡੀ ਭਾਰਥਵਾਲ, ਭਾਰਥਵਾਲ ਪੁਲ ਤੋਂ ਰਿਆਲੀ ਕਲਾਂ, ਸਾਰਚੂਰ ਤੋਂ ਕੋਟਲੀ ਢਾਡੀਆਂ, ਕੋਟਲੀ ਢਾਡੀਆਂ ਤੋਂ ਡੇਰਿਆਂ, ਲੰਗਰਵਾਲ ਤੋਂ ਡੇਰਿਆਂ, ਨਾਨਕਚੱਕ ਤੋਂ ਕਾਦਰਾਬਾਦ, ਕੋਟਲੀ ਢਾਡੀਆਂ 'ਚ ਪੁਲ ਦੇ ਨੀਂਹ ਪੱਥਰ ਰੱਖੇ ਗਏ, ਜਿਸ ਦਾ ਰਕਬਾ 10 ਕਿਲੋਮੀਟਰ ਬਣਦਾ ਹੈ। ਇਨ੍ਹਾਂ ਸੜਕਾਂ ਤੇ ਪੁਲਾਂ 'ਤੇ ਤਿੰਨ ਕਰੋੜ 15 ਲੱਖ ਰੁਪਏ ਖਰਚ ਹੋਣਗੇ। ਉਨ੍ਹਾਂ ਕਿਹਾ ਕਿ ਸਰਕਾਰ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਵਿਚ ਵਿਕਾਸ ਕਾਰਜ ਕਰ ਰਹੀ ਹੈ। ਆਪਣੇ ਵਿਕਾਸ ਕਾਰਜਾਂ ਦੇ ਆਧਾਰ 'ਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਸਰਕਾਰ ਭਾਰੀ ਬਹੁਮਤ ਨਾਲ ਜਿੱਤੇਗੀ। ਇਸ ਮੌਕੇ ਚੇਅਰਮੈਨ ਉਂਕਾਰ ਸਿੰਘ ਕਾਸ਼ਤੀਵਾਲ, ਸਾਬਕਾ ਚੇਅਰਮੈਨ ਤਰਪਾਲ ਸਿੰਘ, ਪੀ.ਏ. ਸਿਕੰਦਰ ਸਿੰਘ, ਚੇਅਰਮੈਨ ਸਤਿੰਦਰ ਸਿੰਘ ਪਿੰਕਾ, ਸਰਪੰਚ ਰਣਬੀਰ ਸਿੰਘ ਭਾਰਥਵਾਲ, ਡਾਕਟਰ ਰੇਸ਼ਮਪਾਲ ਸਿੰਘ, ਕਸ਼ਮੀਰ ਸਿੰਘ ਭੁੱਲਰ, ਸਰਪੰਚ ਜਸਪਾਲ ਸਿੰਘ, ਸਰਪੰਚ ਹਰਿੰਦਰ ਸਿੰਘ, ਮਨਬੀਰ ਸਿੰਘ ਰਿਆਲੀ ਖੁਰਦ, ਸਰਪੰਚ ਸਰਬਜੀਤ ਸਿੰਘ ਸੱਬਾ, ਸਰਪੰਚ ਹਰਜੀਤ ਸਿੰਘ ਰਿਆਲੀ ਕਲਾਂ, ਭਾਰਥਵਾਲ ਰਣਬੀਰ ਸਿੰਘ ਸਰਪੰਚ, ਡਾਕਟਰ ਰੇਸ਼ਮਪਾਲ ਸਿੰਘ, ਕਸ਼ਮੀਰ ਸਿੰਘ, ਪਲਵਿੰਦਰ ਸਿੰਘ ਮੈਂਬਰ, ਕਸ਼ਮੀਰ ਸਿੰਘ ਭੁੱਲਰ, ਬਲਵਿੰਦਰ ਸਿੰਘ ਨੰਬਰਦਾਰ, ਤਰਲੋਕ ਸਿੰਘ ਮੈਂਬਰ, ਬਲਾਕ ਸੰਪਤੀ ਮੈਂਬਰ ਗੁਰਦੇਵ ਸਿੰਘ, ਜਸਬੀਰ ਸਿੰਘ ਬਾਜਵਾ, ਬਲਕਾਰ ਸਿੰਘ, ਹਰਪਾਲ ਸਿੰਘ, ਤਸਵੀਰ ਸਿੰਘ ਮੈਂਬਰ, ਡਿੰਪਲ ਹਰੂਵਾਲ, ਸਾਬਕਾ ਸੂਬੇਦਾਰ ਮੇਜਰ ਸਿੰਘ, ਰਣਜੀਤ ਸਿੰਘ ਕੋਟਲੀ ਥਾਬਲਾ, ਸਰਪੰਚ ਪੁਸ਼ਪਿੰਦਰ ਸਿੰਘ, ਜਸਵੰਤ ਸਿੰਘ ਮੈਂਬਰ, ਸਾਹਿਬ ਸਿੰਘ ਆਦਿ ਹਾਜ਼ਰ ਸਨ।

ਰਜਿੰਦਰ ਕੁਮਾਰ ਪੱਪੂ ਜੈਂਤੀਪੁਰ ਵਰਕਰਾਂ ਨਾਲ ਮੀਟਿੰਗ ਕਰਦੇ ਹੋਏ। *ਤਸਵੀਰ : ਵਨੀਤ ਗੋਇਲ*

ਪੱਪੂ ਜੈਂਤੀਪੁਰ ਦੇ ਹੱਕ 'ਚ ਪਵਨ ਭੱਲਾ ਵਲੋਂ ਮੀਟਿੰਗ

ਬਟਾਲਾ, 3 ਜਨਵਰੀ (ਕਾਹਲੋਂ)-ਵਿਧਾਨ ਸਭਾ ਹਲਕਾ ਬਟਾਲਾ ਤੋਂ ਕਾਂਗਰਸੀ ਟਿਕਟ ਦੀ ਦਾਅਵੇਦਾਰੀ ਜਿਤਾ ਰਹੇ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਸਾਬਕਾ ਚੇਅਰਮੈਨ ਰਜਿੰਦਰ ਕੁਮਾਰ ਪੱਪੂ ਜੈਂਤੀਪੁਰ ਦੇ ਹੱਕ 'ਚ ਕਾਂਗਰਸੀ ਆਗੂ ਪਵਨ ਭੱਲਾ ਵਲੋਂ ਵਰਕਰ ਮੀਟਿੰਗ ਕਰਵਾਈ ਗਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਰਜਿੰਦਰ ਕੁਮਾਰ ਪੱਪੂ ਹਾਜ਼ਰ ਹੋਏ। ਉਨ੍ਹਾਂ ਵਰਕਰਾਂ ਨਾਲ 2022 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਤੇ ਕਿਹਾ ਕਿ ਮੁੜ ਕਾਂਗਰਸ ਦੀ ਸਰਕਾਰ ਬਣਨਾ ਤੈਅ ਹੈ, ਕਿਉਂਕਿ ਕਾਂਗਰਸ ਦੀ ਸਰਕਾਰ ਨੇ ਸਮੁੱਚੇ ਪੰਜਾਬ ਦਾ ਬਿਨਾਂ ਕਿਸੇ ਭੇਦਭਾਵ ਵਿਕਾਸ ਕਰਵਾ ਕੇ ਵਾਹ-ਵਾਹ ਖੱਟੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਹਾਈਕਮਾਂਡ ਉਨ੍ਹਾਂ ਨੂੰ ਟਿਕਟ ਦੇ ਕੇ ਨਿਵਾਜਦੀ ਹੈ ਤਾਂ ਉਹ ਤੁਹਾਡੇ ਵਰਕਰ ਸਾਥੀਆਂ ਦੇ ਸਹਿਯੋਗ ਨਾਲ ਇਹ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਉਣਗੇ। ਇਸ ਮੌਕੇ ਵਰਕਰਾਂ ਵਲੋਂ ਪੱਪੂ ਜੈਂਤੀਪੁਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਅਮਨਦੀਪ ਕੁਮਾਰ ਦੀਪੂ ਜੈਂਤੀਪੁਰ, ਰਾਜੂ ਭੱਲਾ, ਸੇਠੀ ਭੱਲਾ, ਹਰਜੀਤ ਭੱਲਾ, ਬੇਅੰਤ ਖੁੱਲਰ, ਮਹਾਜਨ ਪੇਂਟ, ਸਾਹਿਲ, ਵਿਪਨ ਸੋਢੀ, ਮਾਨਵ ਡੀਲਕਸ, ਰਕਸ਼ ਗੋਇਲ, ਬੀਰ ਖੁੱਲਰ, ਗੁਰਪ੍ਰੀਤ ਸਿੰਘ ਗੋਪੀ ਉੱਪਲ, ਧਵਨ ਮੁਰਗੀ ਮੁਹੱਲਾ ਆਦਿ ਹਾਜ਼ਰ ਸਨ।

ਮੋਦੀ ਦੀ 5 ਦੀ ਰੈਲੀ 'ਚ ਪੰਜਾਬ ਤੋਂ ਵੱਡੀ ਗਿਣਤੀ 'ਚ ਮਸੀਹ ਭਾਈਚਾਰਾ ਹੋਵੇਗਾ ਸ਼ਾਮਿਲ-ਥੋਮਸ ਮਸੀਹ

ਗੁਰਦਾਸਪੁਰ, 3 ਜਨਵਰੀ (ਪੰਕਜ ਸ਼ਰਮਾ)-ਫ਼ਿਰੋਜ਼ਪੁਰ ਵਿਖੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਜਨਵਰੀ ਦੀ ਇਤਿਹਾਸਿਕ ਰੈਲੀ ਵਿਚ ਪੰਜਾਬ ਭਰ ਤੋਂ ਵੱਡੀ ਗਿਣਤੀ ਵਿਚ ਮਸੀਹ ਭਾਈਚਾਰਾ ਸ਼ਾਮਿਲ ਹੋਵੇਗਾ।

ਇਸ ਸਬੰਧੀ ਗੱਲਬਾਤ ਕਰਦਿਆਂ ਘੱਟ ਗਿਣਤੀ ਮੋਰਚਾ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਥੋਮਸ ਮਸੀਹ ਨੇ ਕਿਹਾ ਕਿ ਇਸ ਰੈਲੀ ਨੂੰ ਲੈ ਕੇ ਭਾਈਚਾਰੇ ਵਲੋਂ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਸੀਹ ਭਾਈਚਾਰਾ ਭਾਜਪਾ ਨਾਲ ਚੱਟਾਨ ਵਾਂਗ ਖੜ੍ਹਾ ਹੈ ਅਤੇ ਪੰਜਾਬ ਦੇ ਲੋਕ ਭਾਜਪਾ ਦੇ ਹੱਕ ਵਿਚ ਫਤਵਾ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਹ ਰੈਲੀ ਭਾਜਪਾ ਦਾ ਨਵਾਂ ਇਤਿਹਾਸ ਲਿਖਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਭਾਜਪਾ ਦੀ ਸਰਕਾਰ ਬਣਨਾ ਤੈਅ ਹੈ, ਜਿਸ ਵਿਚ ਮਸੀਹ ਭਾਈਚਾਰਾ ਅਹਿਮ ਭੂਮਿਕਾ ਨਿਭਾਵੇਗਾ।

ਅਕਾਲੀ ਦਲ 'ਚ ਸ਼ਾਮਿਲ ਹੋਣ ਵਾਲੇ ਵਰਕਰਾਂ ਦਾ ਸਨਮਾਨ ਕਰਦੇ ਰਵੀਕਰਨ ਸਿੰਘ ਕਾਹਲੋਂ। *ਅਜੀਤ ਤਸਵੀਰ*

ਰਸੂਲਪੁਰ ਦੇ ਕਾਂਗਰਸੀ ਵਰਕਰਾਂ ਦਾ ਅਕਾਲੀ ਦਲ 'ਚ ਸ਼ਾਮਿਲ ਹੋਣ 'ਤੇ ਰਵੀਕਰਨ ਸਿੰਘ ਵਲੋਂ ਸਵਾਗਤ

ਕਲਾਨੌਰ, 3 ਜਨਵਰੀ (ਪੁਰੇਵਾਲ)-ਨੇੜਲੇ ਪਿੰਡ ਰਸੂਲਪੁਰ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਪਿੰਡ ਦੇ ਇਕ ਦਰਜਨ ਕਾਂਗਰਸੀ ਵਰਕਰਾਂ ਵਲੋਂ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਅਕਾਲੀ ਦਲ 'ਚ ਸ਼ਾਮਿਲ ਹੋਣ ਵਾਲਿਆਂ ਹਰਵਿੰਦਰ ਸਿੰਘ, ਬਚਿੱਤਰ ਸਿੰਘ, ਅਮਰਜੀਤ ਸਿੰਘ, ਚਰਨਜੀਤ ਸਿੰਘ, ਸੁਖਵਿੰਦਰ ਸਿੰਘ, ਰਤਨ ਸਿੰਘ, ਸਵਰਨ ਸਿੰਘ, ਪਰਮਜੀਤ ਕੌਰ ਪੰਚ, ਬਲਵਿੰਦਰ ਕੌਰ ਪੰਚ, ਕਵਰਜੀਤ ਸਿੰਘ, ਕਸ਼ਮੀਰ ਸਿੰਘ, ਪ੍ਰਗਟ ਸਿੰਘ, ਮਨਜੀਤ ਸਿੰਘ ਦਾ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਵਲੋਂ ਸਵਾਗਤ ਤੇ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਸਾ. ਸੰਮਤੀ ਮੈਂਬਰ ਜਥੇ. ਰਣਜੀਤ ਸਿੰਘ ਸ਼ੱਕਰੀ, ਜੋਰਾਵਰ ਸਿੰਘ, ਗੁਰਪ੍ਰਗਨਜੀਤ ਸਿੰਘ ਸਾ. ਸਰਪੰਚ, ਬਚਿੱਤਰ ਸਿੰਘ ਮੱਲ੍ਹੀ, ਜਗਦੀਸ਼ ਸਿੰਘ, ਪਲਵਿੰਦਰ ਸਿੰਘ, ਗੁਰਮੁੱਖ ਸਿੰਘ ਭੋਜਰਾਜ, ਸਰਕਲ ਪ੍ਰਧਾਨ ਮੱਖਣ ਸਿੰਘ ਸ਼ਾਹਪੁਰ ਵੀ ਹਾਜ਼ਰ ਹੋਏ।

ਪਿੰਡਾਂ ਤੇ ਕਸਬਿਆਂ 'ਚ ਲੰਮੇ ਰੂਟਾਂ ਦੀਆਂ ਬੱਸਾਂ ਨਾ ਰੁਕਣ ਕਰਕੇ ਸਵਾਰੀਆਂ ਪ੍ਰੇਸ਼ਾਨ

ਪੁਰਾਣਾ ਸ਼ਾਲਾ, 3 ਜਨਵਰੀ (ਅਸ਼ੋਕ ਸ਼ਰਮਾ)-ਗੁਰਦਾਸਪੁਰ-ਮੁਕੇਰੀਆਂ ਨੂੰ ਜਾਣ ਵਾਲੀਆਂ ਲੰਮੇ ਰੂਟਾਂ ਦੀਆਂ ਬੱਸਾਂ ਦਾ ਕਸਬਿਆਂ ਅਤੇ ਪਿੰਡਾਂ ਵਿਚ ਨਾ ਰੁਕਣਾ ਸਵਾਰੀਆਂ ਲਈ ਖੱਜਲ ਖ਼ੁਆਰੀ ਦਾ ਸਬੱਬ ਬਣਿਆ ਹੋਇਆ ਹੈ। ਇਸ ਪਾਸੇ ਪ੍ਰਸ਼ਾਸਨ ਧਿਆਨ ਨਹੀਂ ਕਰ ਰਿਹਾ ਹੈ। ਜਿਸ ਕਰਕੇ ਲੋਕਾਂ ਦਾ ਪੰਜਾਬ ਸਰਕਾਰ ਪ੍ਰਤੀ ਰੋਸ ਹੈ। ਅਕਾਲੀ ਆਗੂ ਹਰਦੀਪ ਸਿੰਘ ਮਠਾਰੂ ਸਾਬਕਾ ਸਰਪੰਚ ਰਸੂਲਪੁਰ ਟਿੱਬਾ ਨੇ ਦੱਸਿਆ ਕਿ ਦੀਨਾਨਗਰ ਤੋਂ ਚੰਡੀਗੜ੍ਹ ਜਾਣ ਵਾਲੀ ਬੱਸ ਸੀ.ਟੀ.ਯੂ ਅਤੇ ਹੋਰ ਬੱਸਾਂ ਤਿੱਬੜੀ ਕੈਂਟ, ਪੁਰਾਣਾ ਸ਼ਾਲਾ ਤੇ ਹੋਰ ਪਿੰਡਾਂ ਵਿਚ ਸ਼ਾਮ ਅਤੇ ਸਵੇਰ ਸਮੇਂ ਨਹੀਂ ਰੁਕਦੀਆਂ ਅਤੇ ਬੱਸਾਂ ਵਾਲੇ ਸਵਾਰੀਆਂ ਨੂੰ ਅੱਗੇ ਪਿੱਛੇ ਉਤਾਰ ਦਿੰਦੇ ਹਨ, ਜਿਸ ਨਾਲ ਸਵਾਰੀਆਂ ਨੂੰ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਉਨ੍ਹਾਂ ਨੇ ਇਹ ਮਾਮਲਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਜੀ.ਐਮ ਬਟਾਲਾ ਦੇ ਧਿਆਨ ਹਿੱਤ ਵੀ ਲਿਆਂਦਾ ਹੈ। ਪਰ ਇਸ ਦੇ ਬਾਵਜੂਦ ਲੰਮੇ ਰੂਟਾਂ ਦੀਆਂ ਬੱਸਾਂ ਨਾ ਰੁਕਣ ਕਾਰਨ ਦੂਰ ਦੁਰਾਡੇ ਜਾਣ ਵਾਲੀਆਂ ਸਵਾਰੀਆਂ ਅਤੇ ਮੁਲਾਜ਼ਮਾਂ ਨੂੰ ਕਾਫ਼ੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੇ ਟਰਾਂਸਪੋਰਟ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਜੀ.ਐਮ ਬਟਾਲਾ ਰੋਡਵੇਜ਼ ਨੂੰ ਹਦਾਇਤਾਂ ਕਰਕੇ ਬੱਸਾਂ ਰੁਕਣ ਦੇ ਨਿਰਦੇਸ਼ ਜਾਰੀ ਕੀਤੇ ਜਾਣ, ਜਿਸ ਨਾਲ ਲੋਕ ਖੱਜਲ ਖ਼ੁਆਰ ਹੋਣ ਤੋਂ ਬਚ ਸਕਣ।

ਅਕਾਲੀ ਆਗੂ ਹਰਦੀਪ ਸਿੰਘ ਮਠਾਰੂ

(Established by State Government Act 32 of 2013 u/s 2 (f) of UGC Act 1956)
Tantia University
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
OTHER COURSES
• M.Sc. Nursing • B.Sc. Nursing • Post Basic B.Sc. Nursing • BPT • MPT • D.Pharmacy
• Ayurvedic Nursing • BA LLB • LLB • LLM • MA • M.Ed. • AHDP • Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com

ਪੈਰਾਡਾਈਜ਼ ਪਬਲਿਕ ਸਕੂਲ ਕੋਟ ਮਜਲਸ ਵਿਖੇ ਸ਼ਹੀਦੀ ਦਿਹਾੜਾ ਮਨਾਉਣ ਮੌਕੇ ਵਿਦਿਆਰਥੀ ਤੇ ਸਕੂਲ ਸਟਾਫ਼। *ਤਸਵੀਰ : ਬਲਬੀਰ ਸਿੰਘ*

ਪੈਰਾਡਾਈਜ਼ ਪਬਲਿਕ ਸਕੂਲ ਕੋਟ ਮਜਲਸ ਵਿਖੇ ਸ਼ਹੀਦੀ ਦਿਹਾੜਾ ਮਨਾਇਆ

ਕਿਲ੍ਹਾ ਲਾਲ ਸਿੰਘ, 3 ਜਨਵਰੀ (ਬਲਬੀਰ ਸਿੰਘ)-ਪੈਰਾਡਾਈਜ਼ ਪਬਲਿਕ ਸਕੂਲ ਕੋਟ ਮਜਲਸ ਵਿਖੇ ਸਕੂਲ ਪ੍ਰਬੰਧਕ ਕਮੇਟੀ ਅਤੇ ਸਮੁੱਚੇ ਸਕੂਲ ਸਟਾਫ਼ ਵਲੋਂ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਮੂਹਿਕ ਰੂਪ ਵਿਚ ਕੀਤੇ ਗਏ। ਸਾਰੇ ਵਿਦਿਆਰਥੀਆਂ ਨੇ ਬੜੀ ਲਗਨ ਨਾਲ ਜਾਪ ਕੀਤੇ। ਸਕੂਲ ਪ੍ਰਿੰ. ਰਮਨਦੀਪ ਕੌਰ ਵਲੋਂ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੱਚਿਆਂ ਨੂੰ 'ਚਾਰ ਸਾਹਿਬਜ਼ਾਦੇ' ਧਾਰਮਿਕ ਫ਼ਿਲਮ ਵੀ ਦਿਖਾਈ ਗਈ। ਇਸ ਮੌਕੇ ਸਮੂਹ ਸਕੂਲ ਪ੍ਰਬੰਧਕ ਕਮੇਟੀ ਅਤੇ ਸਕੂਲ ਦੇ ਸਾਰੇ ਅਧਿਆਪਕ ਹਾਜ਼ਰ ਸਨ।

ਅੱਜ ਬਿਜਲੀ ਬੰਦ ਰਹੇਗੀ

ਤਿੱਬੜ, 3 ਜਨਵਰੀ (ਭੁਪਿੰਦਰ ਸਿੰਘ ਬੋਪਾਰਾਏ)-220 ਕੇ.ਵੀ. ਸਬ ਸਟੇਸ਼ਨ ਤਿੱਬੜ ਦੀ ਜ਼ਰੂਰੀ ਮੁਰੰਮਤ ਲਈ ਸਬ ਸਟੇਸ਼ਨ ਤੋਂ ਚੱਲਦੇ ਸਾਰੇ 11 ਕੇ.ਵੀ. ਫੀਡਰਾਂ ਦੀ ਬਿਜਲੀ ਸਪਲਾਈ ਅੱਜ 4 ਜਨਵਰੀ ਨੂੰ 10 ਤੋਂ 4 ਵਜੇ ਤੱਕ ਬੰਦ ਰਹੇਗੀ। ਇਸ ਸਬੰਧੀ ਜਾਣਕਾਰੀ ਉਪ ਮੰਡਲ ਅਫ਼ਸਰ ਤਿੱਬੜ ਇੰਜੀ: ਦਿਲਬਾਗ ਸਿੰਘ ਬੋਪਾਰਾਏ ਨੇ ਦਿੰਦਿਆਂ ਦੱਸਿਆ ਕਿ 220 ਕੇ.ਵੀ. ਸਬ ਸਟੇਸ਼ਨ ਤਿੱਬੜ ਅਧੀਨ ਆਉਂਦੇ ਸਾਰੇ ਫੀਡਰਾਂ ਅਤੇ ਪਿੰਡ ਭੁੰਬਲੀ, ਤਿੱਬੜ, ਮਹਾਂਦੇਵ, ਸਿਧਵਾਂ, ਅਲਾਵਲਪੁਰ, ਬੱਬਰੀ ਨੰਗਲ, ਸਰਸਪੁਰ, ਲੋਧੀਪੁਰ, ਰੱਤੋਵਾਲ ਬਾਜੇਚੱਕ, ਝਾਵਰ ਆਦਿ ਪਿੰਡਾਂ ਅੰਦਰ ਬਿਜਲੀ ਸਪਲਾਈ ਬੰਦ ਰਹੇਗੀ।

ਸਾਬਕਾ ਪ੍ਰਿੰਸੀਪਲ ਮਨਜੀਤ ਸਿੰਘ ਘੁੰਮਣ ਦਾ ਦਿਹਾਂਤ

ਭੰਗਾਲਾ, 3 ਜਨਵਰੀ (ਬਲਵਿੰਦਰਜੀਤ ਸਿੰਘ ਸੈਣੀ)- ਸਾਬਕਾ ਪ੍ਰਿੰਸੀਪਲ ਮਨਜੀਤ ਸਿੰਘ ਘੁੰਮਣ ਭੰਗਾਲਾ ਜੋ ਕਿ ਬੀਤੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਦਾ ਜੱਦੀ ਪਿੰਡ ਭੰਗਾਲਾ ਵਿਖੇ ਸੈਂਕੜੇ ਨਮ ਅੱਖਾਂ ਦੀ ਮੌਜੂਦਗੀ 'ਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ, ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਕੰਵਰਜੀਤ ਸਿੰਘ ਘੁੰਮਣ ਵਲੋਂ ਦਿਖਾਈ ਗਈ। ਅੰਤਿਮ ਯਾਤਰਾ ਵਿਚ ਜਥੇਦਾਰ ਹਰਬੰਸ ਸਿੰਘ ਮੰਝਪੁਰ, ਐਮ.ਸੀ. ਰਣਜੋਧ ਸਿੰਘ ਕੁਕੂ ਮੁਕੇਰੀਆਂ, ਗੁਰਬਖ਼ਸ਼ ਸਿੰਘ ਘੁੰਮਣ, ਗੁਰਕ੍ਰਿਪਾਲ ਸਿੰਘ ਘੁੰਮਣ, ਜਤਿੰਦਰ ਸਿੰਘ ਘੁੰਮਣ, ਹਰਿਰਾਜ ਸਿੰਘ ਘੁੰਮਣ, ਹਰੀਪਾਲ ਸਿੰਘ ਘੁੰਮਣ, ਕੁਲਦੀਪ ਸਿੰਘ ਘੁੰਮਣ, ਅਮਰਜੀਤ ਸਿੰਘ ਘੁੰਮਣ, ਸਰਪੰਚ ਸੁਰਿੰਦਰ ਕੁਮਾਰ ਸਿੱਕਾ, ਸਾਬਕਾ ਸਰਪੰਚ ਪ੍ਰਸ਼ੋਤਮ ਸਿੰਘ, ਠਾਕੁਰ ਸੂਰਜ ਸਿੰਘ, ਲੰਬੜਦਾਰ ਕੁਲਤਾਰ ਸਿੰਘ, ਕੁਲਜੀਤ ਸਿੰਘ ਜੇ.ਈ ਨੌਸ਼ਹਿਰਾ ਪੱਤਨ, ਐਸ.ਡੀ.ਓ ਬਿਜਲੀ ਬੋਰਡ ਮਨੋਜ ਕੁਮਾਰ ਭੰਗਾਲਾ, ਸ. ਰਘਵੀਰ ਸਿੰਘ ਗਿੱਲ ਸਾਬਕਾ ਡੀ.ਐਮ. ਮਾਰਕਫੈੱਡ, ਡਾ. ਗੁਰਭਗਤ ਸਿੰਘ ਸੰਧੂ, ਦਰਸ਼ਨ ਲਾਲ ਪੰਜਾਬ ਨੈਸ਼ਨਲ ਬੈਂਕ ਮੈਨੇਜਰ ਭੰਗਾਲਾ, ਸਾਬਕਾ ਸਰਪੰਚ ਸੂਰਤ ਸਿੰਘ, ਸਾਬਕਾ ਸਰਪੰਚ ਰਤਨ ਲਾਲ, ਸਾਬਕਾ ਪ੍ਰਿੰਸੀਪਲ ਜੀਵਾ ਸਿੰਘ ਜਹਾਨਪੁਰ, ਮਾਸਟਰ ਗੁਰਪ੍ਰੀਤ ਸਿੰਘ ਸੈਣੀ ਗੁਰਦਾਸਪੁਰ, ਰਘਵੀਰ ਸਿੰਘ ਗੁਰਦਾਸਪੁਰ, ਕੁਲਦੀਪ ਸਿੰਘ ਪਲਾਕੀ, ਮਾਸਟਰ ਅਨੰਤ ਰਾਮ ਭੰਗਾਲਾ, ਮਾਸਟਰ ਨਰਿੰਦਰ ਸਿੰਘ ਗੋਲੀ, ਮਾਸਟਰ ਮਨੋਹਰ ਲਾਲ, ਅਜੀਤ ਸਿੰਘ ਸਚਦੇਵਾ, ਗੁਰਮੀਤ ਸਿੰਘ ਸਚਦੇਵਾ, ਠਾਕੁਰ ਵਿਜੇ ਬਹਾਦਰ, ਰਮਨ ਕੁਮਾਰ ਕਾਲਾ ਮਹਾਜਨ, ਸੰਸਾਰ ਸਿੰਘ ਬਹਿਬਲ ਮੰਝ ਆਦਿ ਸ਼ਾਮਿਲ ਸਨ।

ਮਨਜੀਤ ਸਿੰਘ ਘੁੰਮਣ ਭੰਗਾਲਾ ਦੀ ਤਸਵੀਰ।

ਪਿੰਡ ਹਰਦੋ ਬਥਵਾਲਾ ਵਿਖੇ ਪਿੰਡ ਵਾਸੀਆਂ ਨਾਲ ਮੀਟਿੰਗ ਦੌਰਾਨ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਆਗਾਮੀ ਚੋਣਾਂ ਸਬੰਧੀ ਲੋਕਾਂ ਨੂੰ ਲਾਮਬੰਦ ਕਰਦੇ ਹੋਏ। *ਤਸਵੀਰ : ਵਿਸ਼ਾਲ ਮੁੰਨਾ*

ਵਿਧਾਇਕ ਪਾਹੜਾ ਵਲੋਂ ਪਿੰਡ ਹਰਦੋ ਬਥਵਾਲਾ ਵਿਖੇ ਗਲੀਆਂ-ਨਾਲੀਆਂ ਦਾ ਉਦਘਾਟਨ

ਪਿੰਡ ਵਾਸੀਆਂ ਨਾਲ ਮੀਟਿੰਗ ਕਰਕੇ ਆਗਾਮੀ ਚੋਣਾਂ ਲਈ ਕੀਤਾ ਲਾਮਬੰਦ

ਗੁਰਦਾਸਪੁਰ, 3 ਜਨਵਰੀ (ਆਰਿਫ਼)-ਇੱਥੋਂ ਨਜ਼ਦੀਕੀ ਪੈਂਦੇ ਪਿੰਡ ਹਰਦੋ ਬਥਵਾਲਾ ਵਿਖੇ ਇੰਟਰਲਾਕ ਟਾਈਲਾਂ ਨਾਲ ਬਣੀਆਂ ਗਲੀਆਂ-ਨਾਲੀਆਂ ਦਾ ਹਲਕਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਵਲੋਂ ਉਦਘਾਟਨ ਕੀਤਾ ਗਿਆ। ਇਸ ਉਪਰੰਤ ਵਿਧਾਇਕ ਪਾਹੜਾ ਵਲੋਂ ਪਿੰਡ ਵਾਸੀਆਂ ਨਾਲ ਇਕ ਮੀਟਿੰਗ ਵੀ ਕੀਤੀ ਗਈ। ਜਿਸ ਵਿਚ ਪਿੰਡ ਵਾਸੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਵਿਧਾਇਕ ਪਾਹੜਾ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਰਾਜ ਵਿਚ ਹਲਕੇ ਦਾ ਰਿਕਾਰਡਤੋੜ ਵਿਕਾਸ ਕਰਵਾਇਆ ਗਿਆ ਹੈ ਅਤੇ ਹਲਕੇ ਦੇ ਪਿੰਡਾਂ ਨੂੰ ਸ਼ਹਿਰਾਂ ਵਰਗੀ ਦਿੱਖ ਦਿੱਤੀ ਗਈ ਹੈ। ਜਦੋਂ ਕਿ ਸ਼ਹਿਰਾਂ ਅੰਦਰ ਚੌਕਾਂ ਦਾ ਸੁੰਦਰੀਕਰਨ, ਪਾਰਕਾਂ ਦਾ ਨਵੀਨੀਕਰਨ, ਲਾਈਟਾਂ ਦਾ ਜਾਲ ਵਿਛਾ ਕੇ ਸ਼ਹਿਰ ਨੂੰ ਚਾਰ ਚੰਨ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਮੁਸ਼ਕਿਲ ਨੂੰ ਦੂਰ ਕਰਨਾ ਉਨ੍ਹਾਂ ਦਾ ਪਹਿਲਾ ਫ਼ਰਜ਼ ਹੈ ਅਤੇ ਉਨ੍ਹਾਂ ਵਲੋਂ ਹਲਕਾ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਵੱਡੀ ਲੀਡ ਨਾਲ ਜਿਤਾ ਕੇ ਹਲਕੇ ਦੀ ਸੇਵਾ ਕਰਨ ਦਾ ਮਾਣ ਦਿੱਤਾ ਸੀ, ਉਸੇ ਤਰ੍ਹਾਂ ਹੀ ਹਲਕੇ ਦੇ ਲੋਕ ਇਸ ਵਾਰ ਵੀ ਵੱਡੀ ਲੀਡ ਨਾਲ ਜਿਤਾ ਕੇ ਹਲਕੇ ਦੀ ਸੇਵਾ ਦਾ ਮੌਕਾ ਦੇਣ। ਇਸ ਮੌਕੇ ਪਿੰਡ ਵਾਸੀਆਂ ਵਲੋਂ ਵਿਧਾਇਕ ਪਾਹੜਾ ਨੂੰ ਵੱਡੀ ਲੀਡ ਨਾਲ ਜਿਤਾਉਣ ਦਾ ਫਤਵਾ ਦਿੱਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

ਪੰਜਾਬ ਦੇ ਮੁੱਖ ਮੰਤਰੀ
ਚਰਨਜੀਤ ਸਿੰਘ ਚੰਨੀ
ਦੀ
ਗਤੀਸ਼ੀਲ ਅਗਵਾਈ ਹੇਠ

ਭਾਰਤ ਭੂਸ਼ਨ ਆਸ਼ੂ
ਖੁਰਾਕ, ਸਿਵਲ ਸਪਲਾਈ
ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ
ਅਤੇ
ਗੁਰਕੀਰਤ ਸਿੰਘ ਕੋਟਲੀ
ਉਦਯੋਗ ਤੇ ਵਣਜ ਅਤੇ
ਵਿਗਿਆਨ ਤੇ ਤਕਨੀਕ ਮੰਤਰੀ, ਪੰਜਾਬ
ਵੱਲੋਂ
40 ਐਮ. ਐਲ. ਡੀ.
ਕਾਮਨ ਐਫ਼ੂਲੈਂਟ ਟਰੀਟਮੈਂਟ ਪਲਾਂਟ
(ਫੋਕਲ ਪੁਆਇੰਟ ਮੋਡਿਊਲ)
ਦਾ ਉਦਘਾਟਨ
ਮਿਤੀ 04.01.2022, ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ
ਤਾਜਪੁਰ ਰੋਡ, ਲੁਧਿਆਣਾ ਵਿਖੇ ਕੀਤਾ ਜਾਵੇਗਾ।

ਪ੍ਰਾਜੈਕਟ ਕੀਮਤ 84.5 ਕਰੋੜ
ਲਾਭਪਾਤਰੀ ਉਦਯੋਗ 73

ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ:-
• ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਕਮੀ
• ਉਦਯੋਗਾਂ ਨੂੰ ਅੰਦਰੂਨੀ ਟਰੀਟਮੈਂਟ ਤੋਂ ਰਾਹਤ
• ਹੁਨਰਮੰਦ ਵਿਅਕਤੀਆਂ ਵੱਲੋਂ ਕੇਂਦਰੀਕ੍ਰਿਤ ਤੇ ਬਿਹਤਰ ਟਰੀਟਮੈਂਟ
• ਟਰੀਟਮੈਂਟ ਲਈ ਪੂੰਜੀ ਅਤੇ ਸੰਚਾਲਨ ਲਾਗਤ ਵਿੱਚ ਬੱਚਤ
• ਨੇਮਬੰਦੀ ਅਦਾਰਿਆਂ ਵੱਲੋਂ ਇੱਕ ਜਗ੍ਹਾ ਤੋਂ ਨਿਗਰਾਨੀ

No:13/311/2021/12079

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ, ਫੋਨ : 0175-2302392, 2200557, ਫੈਕਸ : 0175-2215636